## ਪੰਜਾਬ ਸਰਕਾਰ
## ਸਿੱਖਿਆ ਵਿਭਾਗ

(ਵੈਬਸਾਈਟ ਰਾਹੀਂ)

ਵੱਲ:

ਰਾਜ ਦੇ ਸਮੂਹ ਸਕੂਲ ਮੁਖੀ।

ਮੀਮੋ ਨੰ: AD(Co)/SSE/2018/401118
ਮਿਤੀ: 11.07.18

ਵਿਸ਼ਾ:- ਸਕੂਲਾਂ ਵਿੱਚ ਅਧਿਆਪਕਾਂ ਵੱਲੋਂ ਲਈ ਜਾਂਦੀ ਇੱਤਫਾਕੀਆ ਇੱਕ ਤਿਹਾਈ ਛੁੱਟੀ/ਅੱਧੀ ਛੁੱਟੀ ਸੰਬੰਧੀ ਹਦਾਇਤਾਂ।

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਸੰਬੰਧੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਜਦੋਂ ਵੀ ਕਿਸੇ ਅਧਿਆਪਕ ਨੇ ਇੱਕ ਤਿਹਾਈ ਇੱਤਫਾਕੀਆ ਛੁੱਟੀ/ਅੱਧੀ ਇੱਤਫਾਕੀਆ ਛੁੱਟੀ (ਦੁਪਹਿਰ ਤੋਂ ਬਾਅਦ) ਲੈਣੀ ਹੁੰਦੀ ਹੈ, ਤਾਂ ਉਹ ਪੀਰੀਅਡ ਦੇ ਵਿਚਕਾਰ ਹੀ ਕਲਾਸ ਛੱਡ ਕੇ ਚਲੇ ਜਾਂਦੇ ਹਨ, ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਉਕਤ ਦੇ ਸਨਮੁੱਖ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਧਿਆਪਕਾਂ ਵੱਲੋਂ ਲਈ ਜਾਂਦੀ ਇੱਕ ਤਿਹਾਈ ਇੱਤਫਾਕੀਆ ਛੁੱਟੀ/ਅੱਧੀ ਇੱਤਫਾਕੀਆ ਛੁੱਟੀ (ਦੁਪਹਿਰ ਤੋਂ ਬਾਅਦ) ਮਨਜ਼ੂਰ ਕਰਨ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਅਧਿਆਪਕ ਪੀਰੀਅਡ ਦੇ ਵਿਚਕਾਰ ਕਲਾਸ ਛੱਡ ਕੇ ਛੁੱਟੀ 'ਤੇ ਨਾ ਜਾਣ।

3.0 ਸਕੂਲ ਵਿੱਚ 25% ਸਟਾਫ ਤੋਂ ਜ਼ਿਆਦਾ ਸਟਾਫ ਦੀ ਛੁੱਟੀ ਮਨਜ਼ੂਰ ਨਾ ਕੀਤੀ ਜਾਵੇ।

4.0 ਅਧਿਆਪਕ ਦੀ ਛੁੱਟੀ ਮਨਜ਼ੂਰ ਕਰਨ ਸਮੇਂ ਉਸ ਅਧਿਆਪਕ ਦੇ ਪੀਰੀਅਡਾਂ ਦੀ ਐਡਜੈਸਟਮੈਂਟ ਤੁਰੰਤ ਕੀਤੀ ਜਾਵੇ।

5.0 ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਹਾਜ਼ਰੀ ਰਜਿਸਟਰ ਵਿੱਚ ਛੁੱਟੀ ਦਾ ਇੰਦਰਾਜ ਕਰਦੇ ਸਮੇਂ 'ਇੱਕ ਤਿਹਾਈ' ਇੱਤਫਾਕੀਆ ਛੁੱਟੀ/ਅੱਧੀ ਇੱਤਫਾਕੀਆ ਛੁੱਟੀ/ਪੂਰੀ ਇੱਤਫਾਕੀਆ ਛੁੱਟੀ ਲਿਖਿਆ ਜਾਵੇ।

6.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਕੱਤਰ,
ਸਕੂਲ ਸਿੱਖਿਆ, ਪੰਜਾਬ

ਪਿੱਠਅੰਕਣ ਨੰ: ਉਕਤ ਮਿਤੀ: 11.07.18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੀ.ਏ. ਟੂ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ./ਐ.ਸਿੱ.), ਪੰਜਾਬ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ।
5. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ.,ਐ.ਸਿੱ.), ਪੰਜਾਬ।
6. ਸਮੂਹ ਜ਼ਿਲ੍ਹਾ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ।
7. ਡੀ.ਐਮ., ਐਮ.ਆਈ.ਐਸ. ਵਿੰਗ ਨੂੰ ਵੈਬਸਾਈਟ 'ਤੇ ਅਪਲੋਡ ਕਰਨ ਹਿੱਤ।

ਸਕੱਤਰ,
ਸਕੂਲ ਸਿੱਖਿਆ, ਪੰਜਾਬ